# ਵਿੱਦਿਅਕ ਵਰ੍ਹਾ (2023-24)
# ਜਮਾਤ-ਬਾਰ੍ਹਵੀਂ, ਲਾਜ਼ਮੀ-ਪੰਜਾਬੀ
# ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

**ਸਮਾਂ : 3 ਘੰਟੇ** **ਅੰਕ : 80**

**ਨੋਟ :** 5 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ। ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-80 ਵਿੱਚ ਹੀ ਰਾਖਵੇਂ ਹਨ।

1 ਪ੍ਰਸ਼ਨ ਪੱਤਰ ਦੇ ਕੁੱਲ 10 ਪ੍ਰਸ਼ਨ ਹਨ। ਪ੍ਰਸ਼ਨ ਨੰ. 1 ਸੁੰਦਰ ਲਿਖਾਈ ਲਈ ਰਾਖਵਾਂ ਹੈ।
2. ਸਾਰੇ ਪ੍ਰਸ਼ਨ ਜ਼ਰੂਰੀ ਹਨ।
3. ਦੋ ਅੰਕ ਸੁੰਦਰ ਲਿਖਾਈ ਲਈ ਨਿਰਧਾਰਤ ਕੀਤੇ ਗਏ ਹਨ। ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ ਵਿੱਚ ਹੀ ਰਾਖਵੇਂ ਹਨ।
4. ਵਸਤੂਨਿਸ਼ਠ ਪ੍ਰਸ਼ਨ ਦੇ ਭਾਗ (ੳ), (ਅ) ਅਤੇ (ੲ) ਹਨ। ਹਰੇਕ ਭਾਗ ਵਿੱਚ ਦੋ ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ ਦੇ ਦੋ ਅੰਕ ਹਨ।

**ਪ੍ਰਸ਼ਨ 1. ਇਹ ਪ੍ਰਸ਼ਨ ਸੁੰਦਰ ਲਿਖਾਈ ਲਈ ਰਾਖਵਾਂ ਹੈ।** **05**

**ਪ੍ਰਸ਼ਨ 2. ਇਸ ਵਿੱਚ ਨਿਮਨਲਿਖਤ ਭਾਗਾਂ ਵਾਲ਼ੇ 15 ਵਸਤੂਨਿਸ਼ਠ ਪ੍ਰਸ਼ਨ ਹੋਣਗੇ। ਹਰੇਕ ਪ੍ਰਸ਼ਨ ਦੇ 2 ਅੰਕ ਹੋਣਗੇ :** **15×2=30**

**ਭਾਗ (ੳ) :** ਇਸ ਵਿੱਚ ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰਾਂ ਵਾਲ਼ੇ 5 ਪ੍ਰਸ਼ਨ ਹੋਣਗੇ।
**ਭਾਗ (ਅ) :** ਇਸ ਵਿੱਚ ਬਹੁ-ਚੋਣਵੇਂ ਉੱਤਰਾਂ ਵਾਲ਼ੇ 5 ਪ੍ਰਸ਼ਨ ਹੋਣਗੇ।
**ਭਾਗ (ੲ) :** ਇਸ ਵਿੱਚ 5 ਕਥਨ ਦੇ ਕੇ ਉਸ ਦੇ ਸਹੀ ਜਾਂ ਗ਼ਲਤ ਕਥਨ ਹੋਣ ਦਾ ਉੱਤਰ ਦੇਣ ਲਈ ਕਿਹਾ ਜਾਵੇਗਾ।
**ਇਹ ਵਸਤੂਨਿਸ਼ਠ ਪ੍ਰਸ਼ਨ ਬੋਰਡ ਵੱਲੋਂ ਵਿਸ਼ੇ ਦੀ ਨਿਰਧਾਰਿਤ ਪਾਠ-**ਪੁਸਤਕ ਦੇ ਪੰਜਾਬੀ ਸਭਿਆਚਾਰ ਦੀ ਜਾਣ-ਪਛਾਣ, ਕਵਿਤਾਵਾਂ, ਕਹਾਣੀਆਂ ਅਤੇ ਅਖਾਉਤਾਂ ਵਿੱਚੋਂ ਲੋੜੀਂਦੇ ਅਨੁਪਾਤ ਅਨੁਸਾਰ ਹੋਣਗੇ।

**ਪ੍ਰਸ਼ਨ 3.** ਲਾਜ਼ਮੀ ਪੰਜਾਬੀ-12 ਦੇ ਪੰਜਾਬੀ ਸਭਿਆਚਾਰ ਭਾਗ ਦੇ ਪਾਠਾਂ ਦੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਪੰਜ ਪ੍ਰਸ਼ਨ ਪੁੱਛ ਕੇ ਕਿਸੇ ਦੋ ਦੇ ਉੱਤਰ ਦੇਣ ਲਈ ਕਿਹਾ ਜਾਵੇਗਾ। **2×4=8**

**ਪ੍ਰਸ਼ਨ 4.** ਪਾਠ-ਪੁਸਤਕ ਵਿੱਚੋਂ ਕਾਰ-ਵਿਹਾਰ ਦੇ ਪੱਤਰ ਦੋ ਵਿੱਚੋਂ ਇੱਕ ਲਿਖਣ ਲਈ ਕਿਹਾ ਜਾਵੇਗਾ। **2+4=1=7**

**ਪ੍ਰਸ਼ਨ 5.** ਪਾਠ-ਪੁਸਤਕ ਵਿੱਚੋਂ ਇੱਕ ਪੈਰਾ ਦੇ ਕੇ ਸੰਖੇਪ ਰਚਨਾ ਕਰ ਕੇ ਢੁਕਵਾਂ ਸਿਰਲੇਖ ਲਿਖਣ ਲਈ ਕਿਹਾ ਜਾਵੇਗਾ। ਸੰਖੇਪ ਰਚਨਾ ਦੇ 5 ਅੰਕ ਅਤੇ ਢੁਕਵੇਂ ਸਿਰਲੇਖ ਲਈ 1 ਅੰਕ ਹੋਵੇਗਾ। **5+1=6**

**ਪ੍ਰਸ਼ਨ 6.** ਪਾਠ-ਪੁਸਤਕ ਅਤੇ ਪਾਠ-ਅਭਿਆਸਾਂ ਵਿੱਚੋਂ ਦੋ ਸ਼ਬਦ ਸਮੂਹ ਦੇ ਕੇ ਕਿਸੇ ਇੱਕ ਨੂੰ ਸ਼ਬਦ-ਕੋਸ਼ ਤਰਤੀਬ ਅਨੁਸਾਰ ਲਿਖਣ ਲਈ ਕਿਹਾ ਜਾਵੇਗਾ। **6×1/2=3**

**ਪ੍ਰਸ਼ਨ 7.** ਪਾਠ-ਪੁਸਤਕ ਅਤੇ ਪਾਠ ਅਭਿਆਸਾਂ ਵਿੱਚੋਂ 6 ਵਾਕ ਦੇ ਕੇ ਕੋਈ ਤਿੰਨ ਵਾਕਾਂ ਦਾ ਬਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰਨ ਲਈ ਕਿਹਾ ਜਾਵੇਗਾ। **3**

**ਪ੍ਰਸ਼ਨ 8.** ਪਾਠ-ਪੁਸਤਕ ਅਤੇ ਪਾਠ ਅਭਿਆਸਾਂ ਵਿੱਚੋਂ 5 ਅਖਾਉਤਾਂ ਵਿੱਚੋਂ ਕੋਈ ਤਿੰਨ ਨੂੰ ਵਾਕਾਂ ਵਿੱਚ ਵਰਤਣ ਜਾਂ ਉਨ੍ਹਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸਣ ਲਈ ਕਿਹਾ ਜਾਵੇਗਾ। **3×2=6**

**ਪ੍ਰਸ਼ਨ 9.** ਪਾਠ-ਪੁਸਤਕ ਵਿੱਚੋਂ 3 ਕਵਿਤਾਵਾਂ ਦੇ ਕੇ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ। **4**

**ਪ੍ਰਸ਼ਨ 10.** ਪਾਠ-ਪੁਸਤਕ ਵਿੱਚੋਂ ਕੋਈ ਦੋ ਕਹਾਣੀਆਂ ਦੇ ਕੇ ਕਿਸੇ ਇੱਕ ਕਹਾਣੀ ਦਾ ਸਾਰ ਲਿਖਣ ਲਈ ਕਿਹਾ ਜਾਵੇਗਾ। **8**